Punjabi | ਪੰਜਾਬੀ

# ਓਪੀਔਡ ਓਵਰਡੋਜ਼ ਲਈ ਜਵਾਬੀ ਕਾਰਵਾਈ

## ਨਿਕਸੋਇਡ (Nyxoid) ਨੱਕ ਸਪਰੇਅ ਲਈ ਇਹਨਾਂ ਕਦਮਾਂ ਦੀ ਪਾਲਣਾ ਕਰੋ

### 1 ਸੁਰੱਖਿਆ

ਕਿਸੇ ਵੀ ਅਸੁਰੱਖਿਅਤ ਚੀਜ਼ ਲਈ ਉਸ ਵਿਅਕਤੀ ਦੀ ਅਤੇ ਆਲੇ-ਦੁਆਲੇ ਦੀ ਜਾਂਚ ਕਰੋ।



### 2 ਕੀ ਇਹ ਓਪੀਔਡ ਦੀ ਓਵਰਡੋਜ਼ ਹੋਈ ਲੱਗਦੀ ਹੈ? ਇਹਨਾਂ ਸੰਕੇਤਾਂ ਦੀ ਭਾਲ ਕਰੋ

- ਹੁੰਗਾਰਾ ਨਹੀਂ ਮਿਲ ਰਿਹਾ ਹੈ
- ਪੁਤਲੀਆਂ ਖੜੀਆਂ ਹਨ
- ਸਧਾਰਨ ਤਰੀਕੇ ਨਾਲ ਸਾਹ ਨਹੀਂ ਲੈ ਰਹੇ ਹਨ - ਹੌਲੀ-ਹੌਲੀ ਖੋਖਲੇ ਸਾਹ ਜਾਂ ਘੁਰਾੜੇ ਮਾਰ ਰਹੇ ਹਨ
- ਪੀਲੀ ਜਾਂ ਠੰਡੀ ਚਮੜੀ, ਨੀਲੇ ਜਾਂ ਸਲੇਟੀ ਬੁੱਲ੍ਹ ਅਤੇ ਉਂਗਲਾਂ



### 3 ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ




### 4 ਉਸ ਵਿਅਕਤੀ ਨੂੰ ਉਸਦੀ ਪਿੱਠ 'ਤੇ ਲਿਟਾਓ

ਉਨ੍ਹਾਂ ਨੂੰ ਆਪਣੀ ਪਿੱਠ 'ਤੇ ਲਿਟਾਓ ਅਤੇ ਜਾਂਚ ਕਰੋ ਕਿ ਨੱਕ ਸਾਫ਼ ਹੈ।



VICTORIA State Government | Department of Health


ਅਗਲੇ ਪੰਨੇ 'ਤੇ ਜਾਰੀ ਰਹੇਗਾ

ਆਗਿਆ ਲੈ ਕੇ ਦੁਆਰਾ ਦੁਬਾਰਾ ਤਿਆਰ ਕੀਤਾ ਗਿਆ ਹੈ, NSW ਹੈਲਥ © 2023।

## 5

### ਨੈਕਸੋਇਡ ਨੂੰ ਇਸ ਤਰ੍ਹਾਂ ਫੜੋ


ਯਾਦ ਰੱਖੋ Nyxoid® (ਨੈਕਸੋਇਡ) ਵਿੱਚ ਸਿਰਫ਼ 1 ਹੀ ਖ਼ੁਰਾਕ ਹੁੰਦੀ ਹੈ।



## 6

### ਨੱਕ ਵਿੱਚ ਨਲੋਕਸੋਨ ਦਿਓ


ਨੱਕ ਵਿੱਚ Nyxoid® ਨੋਜ਼ਲ ਪਾਓ। ਉਦੋਂ ਤੱਕ ਦਬਾਓ ਜਦੋਂ ਤੱਕ ਇਹ ਖ਼ੁਰਾਕ ਦੇਣ ਲਈ ਕਲਿੱਕ ਨਹੀਂ ਕਰਦਾ।



## 7

### ਕੀ ਉਹ ਸਾਹ ਲੈ ਰਹੇ ਹਨ?

ਜੇ ਨਹੀਂ, ਤਾਂ *ਬਚਾਅ ਸਾਹ ਦੇਣ* ਦੀ ਵਰਤੋਂ ਕਰੋ ਜੇਕਰ ਤੁਸੀਂ ਜਾਣਦੇ ਹੋ ਕਿ ਇਹ ਕਿਵੇਂ ਕਰਨਾ ਹੈ - 2 ਸਾਹ ਦਿਓ।



## 8

### ਰਿਕਵਰੀ

ਜੇਕਰ ਤੁਸੀਂ ਜਾਣਦੇ ਹੋ ਕਿ ਕਿਵੇਂ ਕਰਨਾ ਹੈ ਤਾਂ ਉਸ ਵਿਅਕਤੀ ਨੂੰ 'ਰਿਕਵਰੀ ਮੁਦਰਾ' ਵਿੱਚ ਪਾਓ।

ਐਂਬੂਲੈਂਸ ਆਉਣ ਤੱਕ ਉਨ੍ਹਾਂ ਦੇ ਨਾਲ ਰਹੋ।




## 9

### ਜੇ ਲੋੜ ਹੋਵੇ ਤਾਂ ਇਸ ਖ਼ੁਰਾਕ ਨੂੰ ਦੁਹਰਾਓ

ਜੇਕਰ ਕੋਈ ਹੁੰਗਾਰਾ ਨਹੀਂ ਮਿਲਦਾ ਤਾਂ ਦੂਜੇ ਨੱਕ ਵਿੱਚ Nyxoid® ਦੀ ਦੂਜੀ ਖ਼ੁਰਾਕ ਦਿਓ।

ਜੇਕਰ ਉਪਲਬਧ ਹੋਵੇ, ਤਾਂ ਵਿਅਕਤੀ ਦੇ ਠੀਕ ਹੋਣ ਜਾਂ ਐਂਬੂਲੈਂਸ ਆਉਣ ਤੱਕ ਹਰ 2 ਤੋਂ 3 ਮਿੰਟਾਂ ਵਿੱਚ ਇੱਕ ਹੋਰ ਖ਼ੁਰਾਕ ਦਿਓ।



**ਓਪੀਔਡ ਦੀ ਓਵਰਡੋਜ਼ (ਜਿਵੇਂ ਕਿ ਹੈਰੋਇਨ, ਮੋਰਫਿਨ, ਮੈਥਾਡੋਨ, ਆਕਸੀਕੋਡੋਨ, ਨੁਸਖ਼ੇ ਵਾਲੇ ਓਪੀਔਡਜ਼, ਫੈਂਟਾਨਿਲ) ਨੂੰ ਉਲਟਾਉਣ ਲਈ ਨਲੋਕਸੋਨ ਦੀ ਵਰਤੋਂ ਕਰੋ। ਇਸਨੂੰ ਅਸਰ ਸ਼ੁਰੂ ਕਰਨ ਵਿੱਚ 2-5 ਮਿੰਟ ਲੱਗਦੇ ਹਨ ਅਤੇ ਅਸਰ ਲਗਭਗ 30-90 ਮਿੰਟ ਤੱਕ ਰਹਿੰਦਾ ਹੈ।**

ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ, ਇੱਥੇ ਈਮੇਲ ਕਰੋ <aod.enquiries@health.vic.gov.au>

ਆਗਿਆ ਲੈ ਕੇ ਦੁਆਰਾ ਦੁਬਾਰਾ ਤਿਆਰ ਕੀਤਾ ਗਿਆ ਹੈ, NSW ਹੈਲਥ © 2023।
ਵਿਕਟੋਰੀਅਨ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ। © ਵਿਕਟੋਰੀਆ ਰਾਜ, ਆਸਟ੍ਰੇਲੀਆ, ਸਿਹਤ ਵਿਭਾਗ
ISBN 978-1-76131-462-9 (pdf/online/MS word)।
ਇਸ ਵਿਭਾਗ ਦੀ ਵੈੱਬਸਾਈਟ ਤੋਂ ਉਪਲਬਧ ਹੈ <https://www.health.vic.gov.au/aod-treatment-services/victorias-take-home-naloxone-program>
ਨਵੰਬਰ 2023 (2303380)।